# ਨਮੂਨੇ ਦਾ ਪ੍ਰਸ਼ਨ-ਪੱਤਰ, ਟਰਮ-2

## ਜਮਾਤ-ਅੱਠਵੀਂ

## ਪੰਜਾਬੀ (ਦੂਜੀ ਭਾਸ਼ਾ)

**ਟਰਮ-2 ਪਰੀਖਿਆ : 50 ਅੰਕ**

**ਨੋਟ: ਸਾਫ਼, ਸੁੰਦਰ ਤੇ ਸ਼ੁੱਧ ਲਿਖਾਈ ਲਈ 2 ਅੰਕ ਹੋਣਗੇ। ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਸਹੀ ਲਿਖੇ ਜਾਣ।**

**1. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਇਸ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ (A ਤੋਂ E) ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਦਿਓ:** 2x4=8

ਕਸੌਲੀ ਦਾ ਮੌਸਮ ਅਕਸਰ ਠੰਢਾ ਰਹਿੰਦਾ ਹੈ। ਅੱਜ-ਕੱਲ੍ਹ ਨਹੀਂ ਪਰ ਸੁਣਿਆ ਹੈ ਕਿ ਕਦੇ ਕਸੌਲੀ ਵਿੱਚ ਵੀ ਬਰਫ਼ ਪਿਆ ਕਰਦੀ ਸੀ। ਜੇਕਰ ਕਿਤੇ ਬੱਦਲ਼ਵਾਈ ਜਾਂ ਕਿਣ-ਮਿਣਕਾਣੀ ਵਿੱਚ ਤੁਹਾਨੂੰ ਇੱਥੇ ਜਾਣ ਦਾ ਮੌਕਾ ਮਿਲ਼ੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿੱਬੜਦੀ ਹੈ ਕਿਉਂਕਿ ਇਸ ਮੌਸਮ ਵਿੱਚ ਇੱਥੇ ਬੱਦਲ਼ਾਂ ਦਾ ਨਜ਼ਾਰਾ ਦੇਖਣ ਵਾਲ਼ਾ ਹੁੰਦਾ ਹੈ। ਭਾਵੇਂ ਕਸੌਲੀ ਵਿਖੇ ਬਹੁਤਾ ਕੁਝ ਵੇਖਣ ਵਾਲ਼ਾ ਨਹੀਂ ਪਰੰਤੂ ਦੋ-ਤਿੰਨ ਸਥਾਨ ਇਹੋ-ਜਿਹੇ ਹਨ ਜਿਨ੍ਹਾਂ 'ਤੇ ਬਿਤਾਏ ਕੁਝ ਪਲ ਕਦੇ ਵੀ ਚੇਤਿਆਂ ਵਿਚੋਂ ਨਹੀਂ ਵਿਸਾਰੇ ਜਾ ਸਕਦੇ। ਇਸ ਛੋਟੇ ਜਿਹੇ ਖ਼ੂਬਸੂਰਤ ਕਸਬੇ ਦਾ ਨਜ਼ਾਰਾ ਪੈਦਲ ਤੁਰਦਿਆਂ ਹੀ ਮਾਣਿਆ ਜਾ ਸਕਦਾ ਹੈ। ਉੱਚੀਆਂ-ਨੀਵੀਆਂ ਸੜਕਾਂ 'ਤੇ ਤੁਰਦਿਆਂ ਅਜੀਬ ਜਿਹੀ ਖ਼ੁਮਾਰੀ ਦਾ ਅਹਿਸਾਸ ਹੁੰਦਾ ਹੈ। ਕਸੌਲੀ ਦੀਆਂ ਪਹਾੜੀਆਂ ਤੋਂ ਖੜ੍ਹ ਕੇ ਕਾਲਕਾ, ਪਿੰਜੌਰ ਅਤੇ ਚੰਡੀਗੜ੍ਹ ਦੀਆਂ ਉੱਚੀਆਂ ਇਮਾਰਤਾਂ ਸਾਫ਼ ਨਜ਼ਰੀਂ ਆਉਂਦੀਆਂ ਹਨ। ਚੰਡੀਗੜ੍ਹ ਦੀ ਸੁਖਨਾ ਝੀਲ ਇਸ ਤਰ੍ਹਾਂ ਨਜ਼ਰ ਆਉਂਦੀ ਹੈ, ਜਿਵੇਂ ਕਿਸੇ ਨੇ ਕਾਂਸੀ ਦੀ ਥਾਲ਼ੀ ਵਿੱਚ ਪਾਣੀ ਪਾ ਕੇ ਧੁੱਪੇ ਰੱਖਿਆ ਹੋਵੇ। ਫ਼ੌਜੀ ਖੇਤਰ ਹੋਣ ਕਰਕੇ ਕੁਝ ਹਿਦਾਇਤਾਂ ਅਜਿਹੀਆਂ ਹਨ ਜਿਨ੍ਹਾਂ ਕਰਕੇ ਕਸੌਲੀ ਸੁਰਗ ਰੂਪ ਹੀ ਜਾਪਦੀ ਹੈ। ਕੁਝ ਖੇਤਰਾਂ ਵਿੱਚ ਖਾਣ-ਪੀਣ ਦੀਆਂ ਵਸਤਾਂ ਲਿਜਾਣਾ ਮਨ੍ਹਾਂ ਹੈ ਜਿਸ ਕਾਰਨ ਹਰ ਪਾਸਾ ਸਾਫ਼-ਸੁਥਰਾ ਤੇ ਪ੍ਰਦੂਸ਼ਣ ਰਹਿਤ ਦਿਖਾਈ ਦਿੰਦਾ ਹੈ।

(A) ਕਸੌਲੀ ਦਾ ਮੌਸਮ ਅਕਸਰ ਕਿਸ ਪ੍ਰਕਾਰ ਦਾ ਰਹਿੰਦਾ ਹੈ ?

(B) ਕਸੌਲੀ ਦੀਆਂ ਪਹਾੜੀਆਂ ਤੋਂ ਕੀ ਨਜ਼ਰ ਆਉਂਦਾ ਹੈ ?

(C) ਕਿਹੋ ਜਿਹਾ ਮੌਸਮ ਕਸੌਲੀ ਦੀ ਸੈਰ ਲਈ ਸਭ ਤੋਂ ਸਹੀ ਹੋ ਸਕਦਾ ਹੈ ?

(D) ਕਸੌਲੀ ਸੁਰਗ ਰੂਪ ਕਿਸ ਕਾਰਨ ਜਾਪਦੀ ਹੈ ?

(E) ਕਸੌਲੀ ਕਿਹੋ ਜਿਹਾ ਕਸਬਾ ਹੈ ?

**2. ਹੇਠ ਲਿਖੀ ਕਾਵਿ ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਸ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ (F ਤੋਂ H) ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਓ:** 2x2=4

ਸਾਡਾ ਸਭ ਦੁੱਖ ਜਾਣਦੇ,
ਰੁੱਖ ਬੋਲ ਨਾ ਸਕਦੇ।

ਪੰਛੀ ਝੁਰਮਟ ਪਾ ਕੇ ਆਵਣ,
ਇਹਨਾਂ 'ਤੇ ਚਰਚੋਲ਼ਰ ਪਾਵਣ।
ਇਹ ਉਹਨਾਂ ਨੂੰ ਮੇਵੇ ਦੇਵਣ,
ਬਿਨਾਂ, 'ਹਸਾਨ ਜਤਾਣ ਦੇ।
ਪਰ ਬੋਲ ਨਾ ਸਕਦੇ।

(F) ਪੰਛੀ ਕਿਵੇਂ ਆ ਕੇ ਕਿਸ 'ਤੇ ਚਰਚੋਲ਼ਰ ਪਾਉਂਦੇ ਹਨ ?

(G) ਰੁੱਖ ਪੰਛੀਆਂ ਉੱਪਰ ਕਿਸ ਗੱਲ ਦਾ ਅਹਿਸਾਨ ਨਹੀਂ ਜਤਾਉਂਦੇ ?

(H) ਸਾਡੇ ਦੁੱਖਾਂ ਬਾਰੇ ਕੌਣ ਸਭ ਜਾਣਦਾ ਹੈ ?

**3. ਪਾਠ-ਪੁਸਤਕ ਵਿਚਲੇ ਪਾਠਾਂ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ ( I ਤੋਂ O ਤਕ ) ਵਿੱਚੋਂ ਕਿਸੇ ਪੰਜਾਂ ਪ੍ਰਸ਼ਨਾਂ ਦੇ ਉੱਤਰ ਦਿਓ:** 2x5=10

(I) ਭੋਲੂ ਨੇ ਖਾਣੇ ਵਾਲ਼ੇ ਡੱਬੇ ਵਿੱਚ ਕੀ ਦੇਖਿਆ ?

(J) ਜੰਗਲ਼ਾਂ ਦੇ ਖਤਮ ਹੋਣ ਨਾਲ਼ ਕੀ ਖਤਮ ਹੋ ਰਿਹਾ ਹੈ ?

(K) ਅਭਿਨਵ ਬਿੰਦਰਾ ਦੀ ਨਿਸ਼ਾਨੇਬਾਜ਼ੀ ਦੀ ਸਿਖਲਾਈ ਕਿੱਥੋਂ ਸ਼ੁਰੂ ਹੋਈ ?

(L) ਕਸੌਲੀ ਦੀਆਂ ਸੜਕਾਂ ਕਿਹੋ ਜਿਹੀਆਂ ਹਨ ?

(M) ਹਾਮਿਦ ਨੇ ਚਿਮਟਾ ਕਿਉਂ ਅਤੇ ਕਿਸ ਲਈ ਖਰੀਦਿਆ ?

(N) ਡਾ. ਕਲਾਮ ਪੜ੍ਹਾਈ ਦੇ ਨਾਲ਼ –ਨਾਲ਼ ਕੀ ਕੰਮ ਕਰਦੇ ਸਨ ?

(O) ਪਿੰਡਾਂ ਵਿੱਚ ਡਾਕ ਵੰਡਣ ਦੀ ਜ਼ੁੰਮੇਵਾਰੀ ਕੌਣ ਨਿਭਾਉਂਦਾ ਸੀ?

**4. ਦਿੱਤੇ ਗਏ ਵਿਕਲਪਾਂ ਅਨੁਸਾਰ ਸਹੀ ਚੁਣ ਕੇ (P ਤੋਂ R ਤਕ) ਖਾਲੀ ਥਾਵਾਂ ਭਰੋ:** 1x3=3

(P) ਏਥਨਜ਼ ____________ ਦੀਆਂ ਉਲੰਪਿਕ ਖੇਡਾਂ ਵਿੱਚ ਉਸ ਨੇ ਆਪਣਾ ਪੁਰਾਣਾ ਰਿਕਾਰਡ ਤੋੜ ਦਿੱਤਾ।

(a) 2004 (b) 2008 (c) 2020 (d) 2000

(Q) ਸੁਣਿਆ ਹੈ ਕਿ ਕਦੇ ____________ ਵਿੱਚ ਵੀ ਬਰਫ਼ ਪਿਆ ਕਰਦੀ ਸੀ।

(a) ਚੰਡੀਗੜ੍ਹ (b) ਕਸੌਲੀ (c) ਪਿੰਜੌਰ (d) ਜ਼ੀਰਕਪੁਰ

(R) ਚਿੱਠੀ ਨੂੰ ______________ ਮੰਨਿਆ ਜਾਂਦਾ ਸੀ।

(a) ਸਮੱਸਿਆ (b) ਮੀਟਿੰਗ (c) ਅੱਧੀ ਮੁਲਾਕਾਤ (d) ਸੰਦੇਸ਼

5. ਦਿੱਤੇ ਹੇਠ ਲਿਖਿਆਂ ਵਿੱਚੋਂ ਕਿਸੇ ਤਿੰਨ ਸ਼ਬਦਾਂ ਦੇ ਵਚਨ ਬਦਲ ਕੇ ਲਿਖੋ :

ਗ਼ਰੀਬ, ਦੁਕਾਨ, ਠੰਢਾ, ਸੈਲਾਨੀ 1x3 = 3

6. ਦਿੱਤੇ ਹੇਠ ਲਿਖਿਆਂ ਵਿੱਚੋਂ ਕਿਸੇ ਤਿੰਨ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :

ਸੁਰਗ, ਆਮਦਨ, ਅਸਫ਼ਲ , ਮੁਹੱਬਤ 1x3 = 3

7. ਦਿੱਤੇ ਹੇਠ ਲਿਖਿਆਂ ਵਿੱਚੋਂ ਕਿਸੇ ਤਿੰਨ ਪੰਜਾਬੀ ਸ਼ਬਦਾਂ ਦੇ ਹਿੰਦੀ ਰੂਪ ਲਿਖੋ:

ਰੋਜ਼, ਭਾਰਤ, ਪਾਣੀ, ਦੋਸਤ 1x3 = 3

8. ਦਿੱਤੇ ਹੇਠ ਲਿਖਿਆਂ ਵਿੱਚੋਂ ਕਿਸੇ ਤਿੰਨ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਚਿੱਠੀ, ਤਿਆਗ, ਨਿਸ਼ਾਨਾ, ਫ਼ੈਸਲਾ 2x3 = 6

9. ਦਿੱਤੇ ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 150 ਤੋਂ 200 ਸ਼ਬਦਾਂ ਦੀ ਲੇਖ-ਰਚਨਾ ਕਰੋ :

1x8 = 8

ਸ੍ਰੀ ਗੁਰੂ ਨਾਨਕ ਦੇਵ ਜੀ

ਜਾਂ

ਪ੍ਰਦੂਸ਼ਣ

ਜਾਂ

ਹੇਠ ਦਿੱਤੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਅਰਜ਼ੀ / ਪੱਤਰ ਲਿਖੋ :

ਆਪਣੇ ਸਕੂਲ ਦੇ ਮੁੱਖ ਅਧਿਆਪਕ/ਪ੍ਰਿੰਸੀਪਲ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ।

ਜਾਂ

ਤੁਹਾਡਾ ਮਿੱਤਰ ਸੱਤਵੀਂ ਜਮਾਤ ਵਿੱਚੋਂ ਫੇਲ੍ਹ ਹੋ ਗਿਆ ਹੈ, ਉਸ ਦਾ ਹੌਸਲਾ ਵਧਾਉਣ ਲਈ ਪੱਤਰ ਲਿਖੋ।